# ਜਿੰਦਾ ਵਿਅਕਤੀ ਵੱਲੋਂ ਗੁਰਦੇ ਦਾ ਦਾਨ

(Living Kidney Donation – Punjabi)

### ਜਿੰਦਾ ਵਿਅਕਤੀ ਵੱਲੋਂ ਗੁਰਦੇ ਦਾ ਦਾਨ ਕੀ ਹੈ?

ਸਾਡੇ ਵਿੱਚੋਂ ਜ਼ਿਆਦਾਤਰ ਲੋਕ ਦੋ ਗੁਰਦਿਆਂ ਦੇ ਨਾਲ ਪੈਦਾ ਹੁੰਦੇ ਹਨ। ਹਾਲਾਂਕਿ, ਇੱਕ ਸਿਹਤਮੰਦ ਵਿਅਕਤੀ ਸਿਰਫ਼ ਇੱਕ ਗੁਰਦੇ ਨਾਲ ਸਾਧਾਰਨ, ਸਿਹਤਮੰਦ ਜੀਵਨ ਜਿਉਂ ਸਕਦਾ ਹੈ। ਇਸਦਾ ਮਤਲਬ ਇਹ ਹੈ ਕਿ ਇੱਕ ਸਿਹਤਮੰਦ ਵਿਅਕਤੀ ਇੱਕ ਗੁਰਦਾ ਕਿਸੇ ਅਜਿਹੇ ਵਿਅਕਤੀ ਨੂੰ ਦੇ ਸਕਦਾ (ਦਾਨ ਕਰ ਸਕਦਾ) ਹੈ ਜਿਸਦੇ ਗੁਰਦੇ ਕੰਮ ਨਾ ਕਰਦੇ ਹੋਣ। ਇਹ ਤੋਹਫ਼ਾ ਜਿੰਦਾ ਵਿਅਕਤੀ ਵੱਲੋਂ ਗੁਰਦੇ ਦਾ ਦਾਨ ਹੁੰਦਾ ਹੈ। ਕਿਸੇ ਲੋੜਵੰਦ ਨੂੰ ਇੱਕ ਗੁਰਦੇ ਦਾ ਦਾਨ ਕਰਨ ਵਾਲੇ ਵਿਅਕਤੀ ਨੂੰ "ਜਿੰਦਾ ਦਾਨੀ" ਕਿਹਾ ਜਾਂਦਾ ਹੈ ਅਤੇ ਗੁਰਦੇ ਦੀ ਲੋੜ ਵਾਲੇ ਵਿਅਕਤੀ ਨੂੰ ਇੱਕ "ਪ੍ਰਤੀਰੋਪਣ ਉਮੀਦਵਾਰ" ਕਿਹਾ ਜਾਂਦਾ ਹੈ।

ਵਧੀਆ ਸਿਹਤ ਵਾਲੇ ਕਿਸੇ ਵੀ ਬਾਲਗ ਦਾ ਇੱਕ ਜਿੰਦਾ ਦਾਨੀ ਬਣਨ ਲਈ ਮੁਲਾਂਕਣ ਕੀਤਾ ਜਾ ਸਕਦਾ ਹੈ। ਹਰੇਕ ਸੰਭਾਵੀ ਦਾਨੀ ਦੀ ਇੱਕ ਸੰਪੂਰਨ ਡਾਕਟਰੀ ਜਾਂਚ ਕੀਤੀ ਜਾਣੀ ਲਾਜ਼ਮੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਏਨੇ ਕੁ ਸਿਹਤਮੰਦ ਹਨ ਕਿ ਕਿਸੇ ਲੋੜਵੰਦ ਵਿਅਕਤੀ ਨੂੰ ਗੁਰਦਾ ਦਾਨ ਕਰ ਸਕਦੇ ਹਨ।

ਗੁਰਦੇ ਦੇ ਦਾਨ ਦੀ ਪ੍ਰਕਿਰਿਆ ਵਿੱਚ ਦਾਨੀ ਦੇ ਸਰੀਰ ਵਿੱਚੋਂ ਇੱਕ ਗੁਰਦਾ ਕੱਢਣ ਲਈ ਇੱਕ ਆਪਰੇਸ਼ਨ ਅਤੇ ਉਸ ਗੁਰਦੇ ਨੂੰ ਪ੍ਰਤੀਰੋਪਣ ਉਮੀਦਵਾਰ ਵਿੱਚ ਸਥਾਪਤ ਕਰਨ ਲਈ ਇੱਕ ਹੋਰ ਸਰਜਰੀ ਕਰਨਾ ਸ਼ਾਮਲ ਹੁੰਦਾ ਹੈ। ਦਾਨ ਦੇ ਬਾਅਦ, ਦਾਨੀ ਦਾ ਬਾਕੀ ਬਚਿਆ ਗੁਰਦਾ ਵਧੇਰੇ ਜ਼ੋਰ-ਸ਼ੋਰ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, ਤਾਂ ਜੋ ਕੱਢੇ ਗਏ ਗੁਰਦੇ ਦੀ ਘਾਟ ਪੂਰੀ ਕੀਤੀ ਜਾ ਸਕੇ। ਦਾਨੀ ਨੂੰ ਹਰ ਸਾਲ ਕਿਸੇ ਡਾਕਟਰ ਕੋਲੋਂ ਪੜਤਾਲ ਕਰਵਾਉਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦਾ ਬਾਕੀ ਬਚਿਆ ਗੁਰਦਾ ਅਜੇ ਵੀ ਠੀਕ ਤਰ੍ਹਾਂ ਕੰਮ ਕਰ ਰਿਹਾ ਹੈ।

## ਕੁਝ ਮਰੀਜ਼ਾਂ ਨੂੰ ਗੁਰਦੇ ਦੇ ਪ੍ਰਤੀਰੋਪਣ ਦੀ ਲੋੜ ਕਿਉਂ ਹੁੰਦੀ ਹੈ?

ਗੁਰਦੇ ਸਾਡੇ ਖ਼ੂਨ ਵਿੱਚੋਂ ਵਿਅਰਥ ਪਦਾਰਥਾਂ ਨੂੰ ਬਾਹਰ ਕੱਢਦੇ ਹਨ। ਇਹ ਸਾਡੇ ਸਰੀਰਾਂ ਵਿੱਚ ਨਮਕ ਅਤੇ ਦ੍ਰਵ (fluid) ਦੇ ਪੱਧਰਾਂ ਨੂੰ ਵੀ ਕੰਟਰੋਲ ਕਰਦੇ ਹਨ। ਕਈ ਵਾਰ ਕੋਈ ਬਿਮਾਰੀ ਜਾਂ ਗੰਭੀਰ ਬਿਮਾਰੀ, ਜਿਵੇਂ ਕਿ ਉੱਚ ਖ਼ੂਨ ਦਬਾਅ ਜਾਂ ਡਾਇਬਿਟੀਜ਼, ਗੁਰਦਿਆਂ ਦੇ ਫੇਲ੍ਹ ਹੋਣ ਦਾ ਕਾਰਨ ਬਣ ਸਕਦੀ ਹੈ। ਜਦ ਅਜਿਹਾ ਵਾਪਰਦਾ ਹੈ, ਤਾਂ ਇਸਨੂੰ "ਅੰਤਿਮ ਪੜਾਅ ਦੀ ਗੁਰਦੇ ਦੀ ਬਿਮਾਰੀ" ਕਿਹਾ ਜਾਂਦਾ ਹੈ, ਕਿਉਂਕਿ ਗੁਰਦੇ ਠੀਕ ਤਰ੍ਹਾਂ ਕੰਮ ਕਰਨ ਦੀ ਆਪਣੀ ਯੋਗਤਾ ਦੇ ਅੰਤ ਦੇ ਕਰੀਬ ਪਹੁੰਚ ਰਹੇ ਹੁੰਦੇ ਹਨ। ਜਦ ਗੁਰਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤਾਂ ਖ਼ੂਨ ਵਿੱਚੋਂ ਵਿਅਰਥ ਉਤਪਾਦ ਬਾਹਰ ਕੱਢਣ ਲਈ ਮਰੀਜ਼ ਨੂੰ ਲਾਜ਼ਮੀ ਤੌਰ 'ਤੇ ਕਿਸੇ ਕਿਸਮ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਇੱਕ ਵਿਕਲਪ ਹੈ ਗੁਰਦੇ ਦਾ ਪ੍ਰਤੀਰੋਪਣ। ਗੁਰਦੇ ਕਿਸੇ ਸਿਹਤਮੰਦ ਜਿੰਦਾ ਵਿਅਕਤੀ (ਜਿੰਦਾ ਦਾਨੀ) ਦਾ ਹੋ ਸਕਦਾ ਹੈ ਜਾਂ ਹੁਣੇ-ਹੁਣੇ ਮਰੇ ਕਿਸੇ ਵਿਅਕਤੀ (ਮ੍ਰਿਤਕ ਦਾਨੀ) ਦਾ ਹੋ ਸਕਦਾ ਹੈ। ਡਾਇਆਲਾਇਸਿਸ ਇੱਕ ਹੋਰ ਵਿਕਲਪ ਹੈ। ਡਾਇਆਲਾਇਸਿਸ ਵਿੱਚ ਖ਼ੂਨ ਵਿੱਚੋਂ ਵਿਅਰਥ ਉਤਪਾਦਾਂ ਨੂੰ ਬਾਹਰ ਕੱਢਣ ਲਈ ਇੱਕ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਯੋਗਤਾ ਪੂਰੀ ਕਰਨ ਵਾਲੇ ਲੋਕਾਂ ਵਾਸਤੇ ਕਿਸੇ ਜਿੰਦਾ ਦਾਨੀ ਤੋਂ ਪ੍ਰਤੀਰੋਪਣ ਸਭ ਤੋਂ ਵਧੀਆ ਵਿਕਲਪ ਹੁੰਦਾ ਹੈ।

## ਜਿੰਦਾ ਵਿਅਕਤੀ ਵੱਲੋਂ ਗੁਰਦੇ ਦੇ ਦਾਨ ਦੇ ਲਾਭ ਕੀ ਹਨ?

- ਉਹਨਾਂ ਮਰੀਜ਼ਾਂ ਵਾਸਤੇ ਜਿੰਨ੍ਹਾਂ ਵਿੱਚ ਅੰਤਿਮ-ਪੜਾਅ ਦੀ ਗੁਰਦੇ ਦੀ ਬਿਮਾਰੀ ਹੈ ਅਤੇ ਜੋ ਗੁਰਦੇ ਦੇ ਪ੍ਰਤੀਰੋਪਣ ਵਾਸਤੇ ਯੋਗ ਹਨ, ਕਿਸੇ ਜਿੰਦਾ ਦਾਨੀ ਕੋਲੋਂ ਗੁਰਦਾ ਪ੍ਰਾਪਤ ਕਰਨਾ ਸਭ ਤੋਂ ਵਧੀਆ ਇਲਾਜ ਹੈ।
- ਕਿਸੇ ਜਿੰਦਾ ਦਾਨੀ ਕੋਲੋਂ ਗੁਰਦੇ ਦਾ ਦਾਨ ਅਕਸਰ ਕਿਸੇ ਮ੍ਰਿਤਕ ਦਾਨੀ ਕੋਲੋਂ ਮਿਲੇ ਗੁਰਦੇ ਨਾਲੋਂ ਵਧੇਰੇ ਲੰਬਾ ਸਮਾਂ ਚੱਲਦਾ ਹੈ।
- ਜਿੰਦਾ ਵਿਅਕਤੀ ਵੱਲੋਂ ਗੁਰਦੇ ਦਾ ਦਾਨ ਮਰੀਜ਼ ਦੀ ਡਾਇਆਲਾਇਸਿਸ ਦੀ ਲੋੜ ਨੂੰ ਘੱਟ ਕਰ ਸਕਦਾ ਹੈ ਜਾਂ ਪੂਰੀ ਤਰ੍ਹਾਂ ਰੋਕ ਵੀ ਸਕਦਾ ਹੈ।

- ਕਿਸੇ ਜ਼ਿੰਦਾ ਦਾਨੀ ਕੋਲੋਂ ਪ੍ਰਤੀਰੋਪਣ ਪ੍ਰਾਪਤ ਕਰਨ ਵਾਲੇ ਹਰੇਕ ਮਰੀਜ਼ ਦਾ ਨਾਮ ਕਿਸੇ ਮ੍ਰਿਤਕ ਮਰੀਜ਼ ਕੋਲੋਂ ਗੁਰਦਾ ਪ੍ਰਾਪਤ ਕਰਨ ਵਾਸਤੇ ਉਡੀਕ-ਸੂਚੀ ਤੋਂ ਹਟ ਜਾਂਦਾ ਹੈ। ਇਹ ਪ੍ਰਤੀਰੋਪਣ ਵਾਸਤੇ ਉਡੀਕ-ਸੂਚੀ ਉੱਤੇ ਮੌਜੂਦ ਹੋਰ ਮਰੀਜ਼ਾਂ ਲਈ ਉਡੀਕ ਸਮੇਂ ਨੂੰ ਘੱਟ ਕਰ ਦਿੰਦਾ ਹੈ।
- ਦਾਨ ਕਰਨ ਅਤੇ ਪ੍ਰਤੀਰੋਪਣ ਦੇ ਆਪਰੇਸ਼ਨਾਂ ਨੂੰ ਅਜਿਹੇ ਸਮੇਂ 'ਤੇ ਕੀਤੇ ਜਾਣ ਲਈ ਯੋਜਨਾਬੱਧ ਕੀਤਾ ਜਾ ਸਕਦਾ ਹੈ ਜਦ ਸੰਭਾਵੀ ਦਾਨੀ ਅਤੇ ਪ੍ਰਤੀਰੋਪਣ ਉਮੀਦਵਾਰ ਦੀ ਸਿਹਤ ਸੰਭਾਵੀ ਤੌਰ 'ਤੇ ਸਭ ਤੋਂ ਵਧੀਆ ਹੋਵੇ। ਸਿਹਤ ਦਾ ਵਧੀਆ ਹੋਣਾ ਸਰਜਰੀ ਤੋਂ ਬਾਅਦ ਮੁੜ-ਸਿਹਤਯਾਬੀ ਵਿੱਚ ਸੁਧਾਰ ਕਰਦਾ ਹੈ।
- ਗੁਰਦਾ ਦਾਨ ਕਰਨ ਵਾਲੇ ਕਈ ਲੋਕਾਂ ਦਾ ਕਹਿਣਾ ਹੈ ਕਿ ਕਿਸੇ ਲੋੜਵੰਦ ਦੀ ਮਦਦ ਕਰਨਾ ਇੱਕ ਉਸਾਰੂ ਨਿੱਜੀ ਅਨੁਭਵ ਹੁੰਦਾ ਹੈ।

## ਕੀ ਕੋਈ ਵੀ ਗੁਰਦਾ ਦਾਨ ਕਰ ਸਕਦਾ ਹੈ?

ਕਿਸੇ ਵੀ ਸਿਹਤਮੰਦ ਬਾਲਗ ਨੂੰ ਜ਼ਿੰਦਾ ਵਿਅਕਤੀ ਵੱਲੋਂ ਗੁਰਦੇ ਦੇ ਦਾਨ ਵਾਸਤੇ ਵਿਚਾਰਿਆ ਜਾ ਸਕਦਾ ਹੈ। ਕੋਈ ਸੰਭਾਵੀ ਦਾਨੀ, ਪ੍ਰਤੀਰੋਪਣ ਉਮੀਦਵਾਰ ਦਾ ਪਰਿਵਾਰਕ ਮੈਂਬਰ, ਦੋਸਤ, ਗੁਆਂਢੀ, ਜਾਂ ਜਾਣੂੰ ਹੋ ਸਕਦਾ ਹੈ। ਜ਼ਰੂਰੀ ਨਹੀਂ ਕਿ ਸੰਭਾਵੀ ਦਾਨੀ ਅਤੇ ਪ੍ਰਤੀਰੋਪਣ ਉਮੀਦਵਾਰ ਦੀ ਉਮਰ, ਲਿੰਗ, ਜਾਂ ਨਸਲੀ ਮੂਲ ਇੱਕੋ ਹੋਵੇ। ਅਸਲ ਵਿੱਚ, ਇਹ ਦਾਨ ਕਰਨ ਦੀ ਇੱਛਾ ਰੱਖਦਾ ਕੋਈ ਵੀ ਵਿਅਕਤੀ ਹੋ ਸਕਦਾ ਹੈ।

ਦਾਨ ਕਰਨ ਅਤੇ ਪ੍ਰਤੀਰੋਪਣ ਕਰਵਾਉਣ ਵਾਸਤੇ ਅੱਗੇ ਵਧਣ ਤੋਂ ਪਹਿਲਾਂ ਸੰਭਾਵੀ ਦਾਨੀ ਅਤੇ ਪ੍ਰਤੀਰੋਪਣ ਉਮੀਦਵਾਰ ਦੋਨਾਂ ਵਾਸਤੇ ਡਾਕਟਰੀ ਟੈਸਟਾਂ ਅਤੇ ਮੁਲਾਂਕਣਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਉਦਾਹਰਨ ਲਈ, ਸੰਭਾਵੀ ਦਾਨੀ ਲਾਜ਼ਮੀ ਤੌਰ 'ਤੇ ਏਨਾ ਕੁ ਸਿਹਤਮੰਦ ਹੋਵੇ ਕਿ ਸਰਜਰੀ ਕਰਵਾ ਸਕੇ ਅਤੇ ਇੱਕੋ ਗੁਰਦੇ ਨਾਲ ਸਿਹਤਮੰਦ ਰਹਿ ਸਕੇ। ਇਸੇ ਤਰ੍ਹਾਂ ਹੀ, ਹਾਲਾਂਕਿ ਪ੍ਰਤੀਰੋਪਣ ਉਮੀਦਵਾਰ ਨੂੰ ਅੰਤਿਮ-ਪੜਾਅ ਦੀ ਗੁਰਦੇ ਦੀ ਬਿਮਾਰੀ ਹੈ ਅਤੇ ਉਸਨੂੰ ਇੱਕ ਨਵੇਂ ਗੁਰਦੇ ਦੀ ਲੋੜ ਹੈ, ਇਹ ਵਿਅਕਤੀ ਵੀ ਲਾਜ਼ਮੀ ਤੌਰ 'ਤੇ ਏਨਾ ਕੁ ਸਿਹਤਮੰਦ ਹੋਣਾ ਚਾਹੀਦਾ ਹੈ ਕਿ ਸਰਜਰੀ ਕਰਵਾ ਸਕੇ ਅਤੇ ਬਾਅਦ ਵਿੱਚ ਐਂਟੀਰਿਜੈਕਸ਼ਨ (antirejection) ਇਲਾਜ ਸਹਿਣ ਦੇ ਯੋਗ ਹੋਵੇ। ਇਹ ਦੇਖਣ ਲਈ ਖ਼ੂਨ ਦੇ ਵਿਸ਼ੇਸ਼ ਟੈਸਟ ਕੀਤੇ ਜਾਂਦੇ ਹਨ ਕਿ ਕੀ ਦਾਨੀ ਦੇ ਖ਼ੂਨ ਅਤੇ ਟਿਸ਼ੂ ਦੀ ਕਿਸਮ ਪ੍ਰਤੀਰੋਪਣ ਉਮੀਦਵਾਰ ਨਾਲ ਮੇਲ ਖਾਂਦੇ ਹੋਣ। ਜੇ ਇਹ ਕਾਰਕ ਮੇਲ ਖਾਂਦੇ ਹੋਣ, ਤਾਂ ਸੰਭਾਵੀ ਦਾਨੀ ਅਤੇ ਉਮੀਦਵਾਰ ਨੂੰ "ਅਨੁਰੂਪ ਜੋੜਾ" ਕਿਹਾ ਜਾਂਦਾ ਹੈ ਅਤੇ ਉਮੀਦਵਾਰ ਉਸ ਦਾਨੀ ਕੋਲੋਂ ਇੱਕ ਗੁਰਦਾ ਪ੍ਰਾਪਤ ਕਰ ਸਕਦਾ ਹੈ। ਡਾਕਟਰੀ ਟੈਸਟਾਂ ਅਤੇ ਮੁਲਾਂਕਣਾਂ ਵਾਸਤੇ ਦਿਨ ਦੇ ਸਮੇਂ ਡਾਕਟਰੀ ਮੁਲਾਕਾਤਾਂ 'ਤੇ ਜਾਣ ਦੀ ਲੋੜ ਪਵੇਗੀ।

ਦਾਨ ਦੇ ਬਾਅਦ, ਇਸ ਗੱਲ ਦੀ ਉਮੀਦ ਕੀਤੀ ਜਾਂਦੀ ਹੈ ਕਿ ਦਾਨੀ ਦੀ ਸਿਹਤ ਵਧੀਆ ਰਹੇਗੀ। ਸਿਹਤਮੰਦ ਬਣੇ ਰਹਿਣ ਵਿੱਚ ਆਪਣੇ ਪਰਿਵਾਰਕ ਡਾਕਟਰ ਕੋਲੋਂ ਬਕਾਇਦਾ ਸਿਹਤ-ਜਾਂਚਾਂ ਕਰਵਾਉਣਾ ਅਤੇ ਸਿਹਤ ਦੇਖਭਾਲ ਪ੍ਰਾਪਤ ਕਰਨਾ ਸ਼ਾਮਲ ਹੈ।

## ਜੇ ਸੰਭਾਵੀ ਦਾਨੀ ਅਤੇ ਪ੍ਰਤੀਰੋਪਣ ਉਮੀਦਵਾਰ ਮੇਲ ਨਹੀਂ ਖਾਂਦੇ ਤਾਂ ਕੀ?

ਜੇ ਖ਼ੂਨ ਦੇ ਟੈਸਟ ਇਹ ਦਿਖਾਉਂਦੇ ਹਨ ਕਿ ਸੰਭਾਵੀ ਦਾਨੀ ਅਤੇ ਪ੍ਰਤੀਰੋਪਣ ਉਮੀਦਵਾਰ ਮੇਲ ਨਹੀਂ ਖਾਂਦੇ, ਤਾਂ ਇਹਨਾਂ ਨੂੰ "ਗੈਰ-ਅਨੁਰੂਪ ਜੋੜਾ" ਕਿਹਾ ਜਾਂਦਾ ਹੈ। ਇਹ ਤਾਂ ਵਾਪਰ ਸਕਦਾ ਹੈ ਜੇ ਦਾਨੀ ਦੇ ਖ਼ੂਨ ਦੀ ਕਿਸਮ ਪ੍ਰਤੀਰੋਪਣ ਉਮੀਦਵਾਰ ਦੇ ਖ਼ੂਨ ਦੀ ਕਿਸਮ ਨਾਲ ਮੇਲ ਨਹੀਂ ਖਾਂਦੀ। ਜਾਂ, ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਪ੍ਰਤੀਰੋਪਣ ਉਮੀਦਵਾਰ ਦੇ ਖ਼ੂਨ ਵਿੱਚ ਅਜਿਹੇ ਪ੍ਰੋਟੀਨ ਹਨ (ਜਿੰਨ੍ਹਾਂ ਨੂੰ ਐਂਟੀਬਾਡੀ ਵਜੋਂ ਜਾਣਿਆ ਜਾਂਦਾ ਹੈ) ਜੋ ਉਸ ਦਾਨੀ ਤੋਂ ਮਿਲੇ ਗੁਰਦੇ ਨੂੰ ਅਸਵੀਕਾਰ ਕਰ ਦੇਣਗੇ।

ਜੇ ਸੰਭਾਵੀ ਦਾਨੀ ਪ੍ਰਤੀਰੋਪਣ ਉਮੀਦਵਾਰ ਦੇ ਅਨੁਰੂਪ ਨਹੀਂ ਹੈ, ਤਾਂ ਉਹ ਅਜੇ ਵੀ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਰਾਹੀਂ ਪ੍ਰਤੀਰੋਪਣ ਉਮੀਦਵਾਰ ਵਾਸਤੇ ਇੱਕ ਢੁਕਵਾਂ ਗੁਰਦਾ ਲੱਭਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਹ ਪ੍ਰੋਗਰਾਮ ਗੁਰਦੇ ਦੀ ਲੋੜ ਵਾਲੇ ਪ੍ਰਤੀਰੋਪਣ ਉਮੀਦਵਾਰਾਂ ਨਾਲ

ਗੁਰਦਾ ਦਾਨੀਆਂ ਦਾ ਮੇਲ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ। ਵਧੇਰੇ ਜਾਣਕਾਰੀ ਵਾਸਤੇ ਆਪਣੇ ਜਿੰਦਾ ਵਿਅਕਤੀ ਵੱਲੋਂ ਗੁਰਦੇ ਦੇ ਦਾਨ ਸੰਬੰਧੀ ਪ੍ਰੋਗਰਾਮ ਜਾਂ ਪ੍ਰਤੀਰੋਪਣ ਕੇਂਦਰ ਨੂੰ ਪੁੱਛੋ ਜਾਂ ਫਿਰ blood.ca/organs-tissues'ਤੇ ਜਾਓ।

## ਜਿੰਦਾ ਵਿਅਕਤੀਆਂ ਵੱਲੋਂ ਅੰਗ ਦਾਨ ਦੀਆਂ ਕਿਸਮਾਂ

***ਸੇਧਿਤ ਦਾਨ*** **(*Directed Donation*)** ਇਸ ਕਿਸਮ ਦਾ ਦਾਨ ਉਸ ਸਮੇਂ ਵਾਪਰਦਾ ਹੈ ਜਦ ਕੋਈ ਸੰਭਾਵੀ ਦਾਨੀ ਕਿਸੇ ਪ੍ਰਤੀਰੋਪਣ ਉਮੀਦਵਾਰ ਨੂੰ ਜਾਣਦਾ ਹੈ ਅਤੇ ਉਸ ਵਿਅਕਤੀ ਨਾਲ ਮੇਲ ਖਾਂਦਾ ਹੈ। ਸੇਧਿਤ ਦਾਨੀ ਜੀਵ-ਵਿਗਿਆਨਕ ਤੌਰ 'ਤੇ ਪ੍ਰਤੀਰੋਪਣ ਉਮੀਦਵਾਰ ਨਾਲ ਸੰਬੰਧਿਤ (ਉਦਾਹਰਨ ਲਈ, ਮਾਪੇ, ਬੱਚੇ, ਭਰਾ ਅਤੇ ਭੈਣਾਂ, ਦਾਦਾ-ਦਾਦੀ ਜਾਂ ਨਾਨਾ-ਨਾਨੀ) ਜਾਂ ਗੈਰ-ਸੰਬੰਧਿਤ (ਉਦਾਹਰਨ ਲਈ, ਪਤੀ ਜਾਂ ਪਤਨੀ, ਦੋਸਤ, ਸਹਿ-ਕਰਮਚਾਰੀ) ਹੋ ਸਕਦੇ ਹਨ।

***ਗੈਰ-ਸੇਧਿਤ ਗੁੰਮਨਾਮ ਦਾਨ (Non-directed Anonymous Donation - NDAD) ਇਸ ਕਿਸਮ ਦਾ ਦਾਨ ਓਦੋਂ ਵਾਪਰਦਾ ਹੈ ਜਦ ਕੋਈ ਵਿਅਕਤੀ ਕੋਈ ਗੁਰਦਾ ਦਾਨ ਕਰਨ ਦੀ*** ਪੇਸ਼ਕਸ਼ ਕਰਦਾ ਹੈ ਜੋ ਗੁਰਦੇ ਦਾ ਪ੍ਰਤੀਰੋਪਣ ਲੋੜਦੇ ਅਤੇ ਉਹਨਾਂ ਨਾਲ ਮੇਲ ਖਾਂਦੇ ਕਿਸੇ ਵੀ ਵਿਅਕਤੀ ਨੂੰ ਮਿਲ ਸਕਦਾ ਹੈ। ਇਸ ਕਿਸਮ ਦਾ ਦਾਨ ਕਿਸੇ ਪ੍ਰਤੀਰੋਪਣ ਉਮੀਦਵਾਰ ਦੀ ਮਦਦ ਕਰ ਸਕਦਾ ਹੈ ਜੇ ਗੁਰਦਾ ਉਡੀਕ-ਸੂਚੀ 'ਤੇ ਮੌਜੂਦ ਕਿਸੇ ਵਿਅਕਤੀ ਨੂੰ ਸਿੱਧੇ ਤੌਰ 'ਤੇ ਦਿੱਤਾ ਜਾਂਦਾ ਹੈ। ਵਿਕਲਪਕ ਤੌਰ 'ਤੇ, ਇਸ ਕਿਸਮ ਦਾ ਦਾਨ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਰਾਹੀਂ ਕਈ ਸਾਰੇ ਲੋਕਾਂ ਦੀ ਮਦਦ ਕਰ ਸਕਦਾ ਹੈ। ਇਸ ਪ੍ਰੋਗਰਾਮ ਵਿੱਚ, ਕਿਸੇ ਇੱਕ NDAD ਤੋਂ ਮਿਲਿਆ ਗੁਰਦੇ ਦਾ ਦਾਨ, ਦਾਨ ਦੇ ਵਟਾਂਦਰਿਆਂ ਦੀ ਇੱਕ ਲੜੀ ਨੂੰ ਸ਼ੁਰੂ ਕਰ ਸਕਦਾ ਹੈ।

ਤੁਹਾਡੇ ਪ੍ਰਾਂਤ ਵਿੱਚ ਜਿੰਦਾ ਵਿਅਕਤੀਆਂ ਵੱਲੋਂ ਅੰਗ ਦਾਨ ਸੰਬੰਧੀ ਪ੍ਰੋਗਰਾਮ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਬਾਰੇ ਤੁਹਾਨੂੰ ਹੋਰ ਵਧੇਰੇ ਜਾਣਕਾਰੀ ਦੇ ਸਕਦਾ ਹੈ। ਤੁਸੀਂ ਔਨਲਾਈਨ blood.ca/organs-tissues 'ਤੇ ਜਾਕੇ ਇਸ ਬਾਰੇ ਵਧੇਰੇ ਜਾਣਕਾਰੀ ਲੈ ਸਕਦੇ ਹੋ।

## ਮੈਂ ਸ਼ੁਰੂਆਤ ਕਿਵੇਂ ਕਰਾਂ?

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਗੁਰਦੇ ਦੇ ਪ੍ਰਤੀਰੋਪਣ ਦੀ ਉਡੀਕ ਕਰ ਰਿਹਾ ਹੈ, ਤਾਂ ਤੁਸੀਂ ਉਹਨਾਂ ਨਾਲ ਗੱਲ ਕਰ ਸਕਦੇ ਹੋ। ਜਾਂ, ਤੁਸੀਂ ਆਪਣੇ ਪ੍ਰਾਂਤ ਵਿੱਚ ਜਿੰਦਾ ਵਿਅਕਤੀਆਂ ਵੱਲੋਂ ਅੰਗ ਦਾਨ ਸੰਬੰਧੀ ਪ੍ਰੋਗਰਾਮ ਨਾਲ ਸੰਪਰਕ ਕਰ ਸਕਦੇ ਹੋ। ਜੇ ਤੁਸੀਂ ਇੱਕ ਗੈਰ-ਸੇਧਿਤ ਗੁੰਮਨਾਮ ਦਾਨੀ ਬਣਨਾ ਚਾਹੋਂਗੇ ਤਾਂ ਤੁਹਾਡੇ ਪ੍ਰਾਂਤ ਵਿੱਚ ਇੱਕ ਜਿੰਦਾ ਵਿਅਕਤੀਆਂ ਵੱਲੋਂ ਅੰਗ ਦਾਨ ਸੰਬੰਧੀ ਪ੍ਰੋਗਰਾਮ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ। ਕੈਨੇਡਾ ਵਿੱਚ ਜਿੰਦਾ ਵਿਅਕਤੀਆਂ ਵੱਲੋਂ ਅੰਗ ਦਾਨ ਸੰਬੰਧੀ ਪ੍ਰੋਗਰਾਮਾਂ ਵਾਸਤੇ ਸੰਪਰਕ ਜਾਣਕਾਰੀ ਔਨਲਾਈਨblood.ca/organs-tissues 'ਤੇ ਉਪਲਬਧ ਹੈ।

Program contact informationਪ੍ਰੋਗਰਾਮ ਸੰਪਰਕ ਜਾਣਕਾਰੀ